# ਹੀਰੋਸ਼ੀਮਾ

(ਨਾਟਕ ਸ਼ੁਰੂ ਹੋਣ ’ਤੇ ਚਾਰੇ ਪਾਤਰ ਘੁੰਮਦੇ ਹੋਏ ਆਪਣੀ ਆਪਣੀ ਥਾਂ ’ਤੇ ਪੁਜੀਸ਼ਨ ਲੈਂਦੇ ਹਨ।

1 : ਅੱਜ 6 ਅਗਸਤ, 2002 ਦਾ ਦਿਨ ਹੈ।

2 : ਅੱਜ ਤੋਂ 57 ਸਾਲ ਪਹਿਲੇ

3 : 6 ਅਗਸਤ ਸੰਨ 1945

4 : ਹੀਰੋਸ਼ੀਮਾ ’ਤੇ ਪਹਿਲਾ ਪ੍ਰਮਾਣੂ ਬੰਬ ਡਿਗਿਆ

1 : ਪ੍ਰਮਾਣੂ ਬੰਬ

2 : ਨਿਊਕਲਾਈ ਬੰਬ

3 : ਐਟਮੀ ਬੰਬ

4 : ਕੋਈ ਵੀ ਨਾਂ ਲੈ ਲਵੋ

1 : ਇਹਨੂੰ ਬੰਬ ਕਹਿ ਲਵੋ ਜਾਂ ਕੁਝ ਹੋਰ

2 : ਪਰ ਇਹ ਸਧਾਰਨ ਬੰਬਾਂ ਤੋਂ ਬਿਲਕੁਲ ਵੱਖਰਾ ਬੰਬ ਏ।

3 : ਇਹ ਉਹ ਬੰਬ ਨਹੀਂ ਜੋ ਫ਼ੌਜਾਂ ਵੱਲੋਂ ਦੁਸ਼ਮਣ ਦੇ ਮੋਰਚੇ ਤੋੜਣ ਲਈ ਚਲਾਏ ਜਾਂਦੇ ਨੇ।

4 : ਇਹ ਉਹ ਤੋਪ ਦੇ ਗੋਲੇ ਨਹੀਂ, ਜੋ ਟੀਪੂ ਸੁਲਤਾਨ ਅਤੇ ਅੰਗਰੇਜ਼ਾਂ ਦੀ ਆਪਸੀ ਜੰਗ ਵਿਚ ਵਰਤੇ ਗਏ।

1 : ਇਹ ਉਹ ਬੰਬ ਨਹੀਂ ਜੋ ਹਿਟਲਰ ਨੇ ਲੰਡਨ ਅਤੇ ਪੈਰਿਸ ’ਤੇ ਹਵਾਈ ਜਹਾਜ਼ਾਂ ਨਾਲ ਸੁੱਟੇ।

2 : ਨਾ ਇਹ ਬੰਬਾਂ ਵਿਚੋਂ ਉਹ ਬੰਬ ਸੀ ਜੋ ਭਗਤ ਸਿੰਘ ਨੇ ਅਸੈਂਬਲੀ ’ਤੇ ਸੁੱਟਿਆ।

3 : ਸਗੋਂ ਇਹ ਬੰਬ ਨਿਊਕਲਾਈ ਵਿਸਫੋਟਿਕ ਬੰਬ ਨੇ।

4 : ਜਿਨ੍ਹਾਂ ਦੀ ਸ਼ਕਤੀ ਆਮ ਬੰਬ ਨਾਲੋਂ ਲੱਖਾਂ ਗੁਣਾ ਵੱਧ ਹੁੰਦੀ ਹੈ।

1 : ਆਰ.ਡੀ.ਐਕਸ. ਆਮ ਜਾਣਿਆ ਜਾਂਦਾ ਵਿਸਫੋਟਕ ਮਸਾਲਾ ਹੈ।

2 : ਆਤੰਕਵਾਦੀ ਆਪਣੀਆਂ ਆਤੰਕ ਦੀਆਂ ਕਾਰਵਾਈ ’ਚ ਇਹ ਮਸਾਲਾ ਵਰਤੇ ਨੇ।

3 : ਪੁਲ ਉਡਾਉਣ ਲਈ

4 : ਸਰਕਾਰੀ ਦਫ਼ਤਰ ਉਡਾਉਣ ਲਈ

1 : ਸੜਕ ਉਡਾਉਣ ਲਈ

2 : ਮਨੁੱਖੀ ਬੰਬ ਬਣਾਉਣ ਲਈ
3 : ਇਕ ਨਿਊਥਲਾਈ ਬੰਬ ਦੀ ਸ਼ਕਤੀ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ
4 : ਨਿਊਕਲਾਈ ਵਿਸਫੋਟ ਤੋਂ ਉਪਜੀ ਸ਼ਕਤੀ ਦੀ ਸਹੀ ਵਰਤੋਂ
1 : ਧਰਤੀ ਦੇ 650 ਕਰੋੜ ਲੋਕਾਂ ਦੀ ਰੋਟੀ ਦੀ
2 : ਕਪੜੇ ਦੀ
3 : ਮਕਾਨ ਦੀ
4 : ਲੋਕਾਂ ਨੂੰ ਹਮੇਸ਼ਾਂ ਹਮੇਸ਼ਾਂ ਲਈ ਪੂਰੀ ਕਰ ਸਕਦੀ ਹੈ।
1 : ਪਰ ਇਸੇ ਸ਼ਕਤੀ ਦੀ ਦੁਰਵਰਤੋਂ ਮਨੁੱਖ ਦੀ ਹਸਤੀ ਨੂੰ ਸਦਾ ਲਈ ਮਿਟਾ ਸਕਦੀ ਹੈ।
2 : ਹੀਰੋਸ਼ੀਮਾ ਨਾਗਾਸਾਕੀ ਦੇ ਲੋਕ ਆਪਣੀ ਸੱਦ ਵਿਚ 4 ਡਾਇਨਾਂ ਦਾ ਸੰਕਲਪ ਲੈਂਦੇ ਰਹੇ ਹਨ।
3 : 4 ਡਾਇਨਾਂ ਚਾਰ ਮੁਲਕ ਹਨ ਜਿਨ੍ਹਾਂ ਕੋਲ ਨਿਊਕਲਾਈ ਬੰਬ ਬਣਾਉਣ ਦੀ ਸਮਰਥਾ ਹੈ
4 : ਅਮਰੀਕਾ
1 : ਰੂਸ
2 : ਚੀਨ
3 : ਬਰਤਾਨੀਆ
4 : ਪਰ ਹੁਣ ਇਨ੍ਹਾਂ ਵਿਚ ਹਿੰਦੋਸਤਾਨ ਤੇ ਪਾਕਿਸਤਾਨ ਵੀ ਸ਼ਾਮਲ ਹੋ ਗਏ ਨੇ।
1 : 11 ਮਈ 1998 ਪੋਖਰਾਨ 'ਚ ਹਿੰਦੋਸਤਾਨ ਵਾਲਿਆਂ ਨੇ ਸਫ਼ਲ ਨਿਊਕਾਲਈ ਵਿਸਫੋਟਿਕ ਤਜਰਬਾ ਕੀਤਾ।
2 : ਹਿੰਦੋਸਤਾਨ ਦੀਆਂ ਅਖਬਾਰਾਂ ਵਿਚ ਸੁਰਖੀਆਂ ਆਈਆਂ, ਅਸੀਂ ਪਾਕਿਸਤਾਨ ਨੂੰ ਸਬਕ ਸਿਖਾ ਦਿਆਂਗੇ।
3 : ਪਰ 28 ਮਈ ਪਾਕਿਸਤਾਨ ਨੇ ਵੀ ਸਫ਼ਲ ਨਿਊਕਲਾਈ ਵਿਸਫੋਟ ਤਜਰਬੇ ਦਾ ਐਲਾਨ ਕਰ ਦਿੱਤਾ।
4 : ਅਸੀਂ ਹਿੰਦੋਸਤਾਨ ਨੂੰ ਸਬਕ ਸਿਖਾ ਦਿਆਂਗੇ
1 : ਇਹ ਸਬਕ ਕੀ ਹੋਣਗੇ ?
2 : ਇਸਦਾ ਅਸਰ ਜਾਪਾਨ ਦੇ ਲੋਕਾਂ ਨੂੰ ਪੁੱਛੋ
3 : ਉਹਨਾਂ ਦੇ ਸ਼ਹਿਰ ਹੀਰੋਸ਼ੀਮਾ 6 ਅਗਸਤ 1945 ਇਹ ਵਿਸਫੋਟ ਹੋਇਆ
4 : ਸ਼ਹਿਰ ਨਾਗਾਸਾਕੀ 'ਚ 9 ਅਗਸਤ ਨੂੰ ਇਹ ਵਿਸਫੋਟ ਹੋਇਆ

1 : ਹੀਰੋਸ਼ੀਮਾ 'ਤੇ ਜਿਹੜਾ ਵਿਸਫੋਟ ਹੋਇਆ
2 : ਉਹ ਸ਼ਹਿਰ ਦੇ ਉਤੇ 570 ਫੁੱਟ ਉਚਾਈ ਤੋਂ ਹੋਇਆ
3 : ਹਵਾਈ ਜਹਾਜ਼ ਰਾਹੀਂ ਗੋਲੇ ਵਰਗੀ ਚੀਜ਼ ਸੁੱਟੀ ਗਈ
4 : ਜੋ ਜ਼ਮੀਨ ਤੋਂ 570 ਫੁੱਟ ਉੱਚੀ ਫੱਟ ਗਈ
1 : ਸਮਾਂ 6 ਅਗਸਤ, ਸਵੇਰ 8 ਵਜਕੇ 16 ਮਿੰਟ 3 ਸਕਿੰਟ ਦਾ ਸੀ
2 : ਇਹ ਵਕਤ ਕਿਸ ਤਰ੍ਹਾਂ ਪਤਾ ਲੱਗਾ ?
3 : ਇਹਦਾ ਰੀਕਾਰਡ ਘੜੀਆਂ ਦੇ ਰੀਕਾਰਡ ਤੋਂ ਹੈ।
4 : ਘੜੀਆਂ ਦੀ ਸੂਹੀਆਂ 8 ਘੰਟੇ, 16 ਮਿੰਟ 3 ਸਕਿੰਡ 'ਤੇ ਖੜੀਆਂ ਹੋ ਗਈਆਂ
1 : ਸਮਾਂ ਅਗੇ ਚੱਲਣ ਤੋਂ ਰੁੱਕ ਗਿਆ
2 : ਹੀਰੋਸ਼ੀਮਾ 'ਤੇ ਜਿਹੜਾ ਬੰਬ ਡਿੱਗਿਆ
3 : ਉਹਦਾ ਨਾਂ LITTLE BOY ਸੀ
4 : ਜਿਹੜੇ ਜਹਾਜ਼ ਤੋਂ ਇਹ ਸੁੱਟਿਆ ਗਿਆ ਉਹਦਾ ਪਾਇਲੈਟ ਲੈਫਟੀਨੈਂਟ ਪਾਲ ਟਿਬਟ ਸੀ
1 : ਉਹਦਾ ਕਲਮਬੰਦ ਬਿਆਨ ਇਤਿਹਾਸ ਬਣ ਗਿਆ ਹੈ
2 : ਉਹਦੇ ਅਨੁਸਾਰ ਪਹਿਲਾਂ ਅੱਖਾਂ ਚੁੰਧਿਆਨ ਵਾਲੀ ਰੋਸ਼ਨੀ ਜਹਾਜ਼ 'ਚ ਹੋਈ
3 : ਮੈਂ ਤੇ ਕੋ-ਪਾਇਲਟ ਨੇ ਥੱਲੇ ਹੀਰੋਸ਼ੀਮਾ ਵੱਲ ਵੇਖਿਆ
4 : ਸ਼ਹਿਰ ਤਾਂ ਅੱਗ ਦੇ ਬਦਲ ਨਾਲ ਘਿਰਿਆ ਹੋਇਆ ਸੀ
1 : ਪੱਲ ਦੋ ਪੱਲ ਇਕ ਸੰਨਾਟਾ ਛਾ ਗਿਆ
2 : ਪਰ ਫੇਰ ਕੋਪਾਇਲਟ ਚੀਖ ਵਰਗੀ ਆਵਾਜ਼ 'ਚ ਬੋਲਿਆ
3 : ਹੇ ਰੱਬਾ ਇਹ ਅਸੀਂ ਕੀ ਕਰ ਦਿੱਤਾ ਏ ?
4 : ਉਹਨਾਂ ਨੇ ਕੀ ਕਰ ਦਿੱਤਾ ਏ ?
1 : ਉਹਨਾਂ ਨੇ ਇਕ ਬੰਬ ਰਾਹੀਂ ਐਸਾ ਵਿਸਫੋਟ ਕੀਤਾ ਸੀ
2 : ਜੋ ਨਾ ਕਦੀ ਪਹਿਲੇ ਦੇਖਿਆ ਗਿਆ ਸੀ
3 : ਨਾ ਪਹਿਲੇ ਕਦੀ ਸੁਣਿਆ ਗਿਆ ਸੀ
4 : ਅੱਖ ਦੇ ਫੋਰ ਵਿਚ ਇਕ ਵਸਦਾ ਸ਼ਹਿਰ ਪੂਰੇ ਦਾ ਪੂਰਾ ਗਰਕ ਹੋ ਗਿਆ ਸੀ
1 : ਇਕ ਲੱਖ, 40 ਹਜ਼ਾਰ ਲੋਕ ਮੌਤ ਦੀ ਨੀਂਦ ਸੋਂ ਗਏ ਸਨ
2 : ਉਹਨਾਂ ਦੀਆਂ ਲਾਸ਼ਾਂ ਝੁਲਸੀਆਂ ਨਹੀਂ ਸੜ ਗਈਆਂ
3 : ਸਗੋਂ ਅੱਗ ਹੀ ਹਨੇਰੀ 'ਚ ਗੈਸ ਬਣਕੇ ਗੁੰਮ ਹੋ ਗਈਆਂ ਸਨ
4 : 9 ਅਗਸਤ ਨਾਗਾਸਾਕੀ 'ਤੇ ਜੋ ਵਿਸਫੋਟ ਹੋਇਆ ਉਹਦੇ ਵਿਚ

70000 ਮਨੁੱਖ ਅੱਗ ਦੀ ਹਨੇਰੀ ਵਿਚ ਗਾਇਬ ਹੋ ਗਏ ਸਨ

1 : ਜੋ ਹੀਰੋਸ਼ੀਮਾ 'ਤੇ ਡਿੱਗੇ ਬੰਬ ਦਾ ਨਾਂ LITTLE BOY ਸੀ

2 : ਤਾਂ ਨਾਗਾਸਾਕੀ ਦੇ ਡਿੱਗੇ ਬੰਬ ਦਾ ਨਾਂ FAT MAN ਸੀ

3 : ਇਹ ਨਾਂ ਹੀ ਦਸਦੇ ਹਨ ਕਿ ਅਮਰੀਕਨ ਹਾਕਮਾਂ ਲਈ ਇਹ ਬੰਬ ਸੁੱਟਣਾ ਸ਼ੁਗਲ ਸੀ

4 : ਲਿੱਟਲ ਬੁਆਏ, ਫੈਟ ਮੈਨ, ਛੋਟਾ ਬੱਚਾ, ਮੋਟਾ ਬੰਦਾ

1 : ਜਾਪਾਨ ਦੇ ਦੋ ਲੱਖ, ਦਸ ਹਜ਼ਾਰ ਸਾਧਾਰਨ ਸ਼ਹਿਰੀਆਂ ਦਾ ਨਾ ਸਫਾਏ ਧਰਤੀ ਤੋਂ ਮਿਟ ਗਿਆ

2 : 500 ਮੀਟਰ ਦੇ ਘੇਰੇ 'ਚ ਜੋ ਕੁਝ ਵੀ ਸੀ ਉਹ ਝੁਲਸਿਆ ਹੀ ਨਹੀਂ ਸਗੋਂ ਭਾਫ਼ ਬਣ ਗਿਆ

3 : ਮਨੁੱਖ ਜੀਵ, ਰੁੱਖ, ਪੌਦੇ, ਇੱਟਾਂ, ਲਕੜੀ, ਲੋਹਾ

4 : ਸਭ ਠੋਸ ਪਦਾਰਥ ਅੱਗ ਦੀ ਗਰਮੀਂ ਵਿਚ ਪਹਿਲੇ ਤਰਲ ਤੇ ਫੇਰ ਗੈਸ ਬਣ ਗਿਆ

1 : 500 ਮੀਟਰ ਦੇ ਘੇਰੇ ਤੋਂ ਬਾਹਰ ਰੇਡੀਆਈ ਸ਼ੁਆਵਾਂ ਦਾ ਮਾਰੂ ਅਸਰ ਹੋਇਆ

2 : ਇਕ ਫੌਜੀ ਸਿਪਾਹੀ ਦੀ ਦਾਸਤਾਨ ਕੁਝ ਇਸ ਤਰ੍ਹਾਂ ਹੈ

3 : ਉਹਦਾ ਸਾਲਾ ਫੌਜੀ 5 ਮੀਲ ਦੇ ਘੇਰੇ ਤੋਂ ਬਾਹਰ ਸੀ

4 : ਪਹਿਲੇ ਉਹਦੇ ਵਾਲ ਝੜਨੇ ਸ਼ੁਰੂ ਹੋਏ

1 : ਜਬਾੜਿਆਂ ਤੋਂ ਲਹੂ ਸਿੰਮਨ ਲੱਗਾ

2 : ਚਮੜੀ ਗਲਣੀ ਸ਼ੁਰੂ ਹੋ ਗਈ

3 : ਨਾ ਉਹ ਕੁਝ ਖਾ ਸਕਦਾ ਸੀ, ਨਾ ਪੀ ਸਕਦਾ ਸੀ

4 : ਵਿਲਕ ਵਿਲਕ ਤਸੀਹਿਆਂ 'ਚ ਉਹਦੀ ਜ਼ਿੰਦਗੀ ਖਤਮ ਹੋਈ

1 : ਯਾਨੀ ਉਹ ਵਿਸਫੋਟ ਦੇ 4 ਹਫਤਿਆਂ ਦੇ ਬਾਅਦ ਮਰਿਆ

2 : ਰੇਡੀਆਈ ਸ਼ੁਆਵਾਂ ਦਾ ਅਸਰ ਗਰਭਵਤੀ ਔਰਤਾਂ ਦੇ ਗਰਭ ਵਿਚ ਪਲਦੇ ਬੱਚਿਆਂ 'ਤੇ ਹੋਇਆ

3 : ਉਹ ਗਰਭ ਵਿਚ ਹੀ ਅਪੰਗ ਹੋ ਗਏ

4 : ਅਪੰਗ ਹੀ ਪੈਦਾ ਹੋਏ

1 : ਉਹਨਾਂ ਵਿਚੋਂ ਕੁਝ 57 ਸਾਲ ਦੇ ਬਾਅਦ ਵੀ ਜੀਅ ਰਹੇ ਹਨ

2 : ਉਹਨਾਂ ਦੀ ਅਪੰਗਤਾ ਮਨੁੱਖ ਦੀ ਦਰਿੰਦਗੀ ਦੀ ਜੀਉਂਦੀ ਜਾਗਦੀ ਤਸਵੀਰ ਹੈ

3 : ਇਕ ਪੇਂਟਰ ਵੱਲੋਂ ਬਣਾਈ ਗਈ ਤਸਵੀਰ ਦੇ Reprint ਜਾਪਾਨ ਦੀਆਂ ਆਰਟ ਗੈਲਰੀਆਂ 'ਚ ਮਿਲਦੇ ਹਨ

4 : ਇਹ ਤਸਵੀਰ ਉਸ ਪੇਂਟਰ ਦੇ ਅਖੀਂ ਡਿੱਠੇ ਦ੍ਰਿਸ਼ ਨੂੰ ਪੇਸ਼ ਕਰਦੀ ਹੈ

1 : ਇਕ ਮਰ ਰਹੀ ਬੁੱਢੀ ਪਾਣੀ ਮੰਗ ਰਹੀ ਹੈ

2 : ਪਰ ਪਾਣੀ ਦੀ ਤਾਂ ਬੂੰਦ ਵੀ ਨਹੀਂ

3 : ਉਹ ਤਾਂ ਸਾਰਾ ਭਾਫ਼ ਬਣ ਗਿਆ ਹੈ

4 : ਇਹ ਨਿਊਕਲਾਈ ਬੰਬ ਦੀ ਭਿਆਨਕਤਾ ਹੈ

1 : ਇਹ ਭਿਆਨਕਤਾ ਜਾਪਾਨ ਦੀ ਥਾਂ ਚੰਡੀਗੜ੍ਹ ਦੀ ਮਿਸਾਲ ਲੈ ਕੇ ਅਨੁਮਾਨੀ ਜਾ ਸਕਦੀ ਹੈ

2 : ਇਹ ਚੰਡੀਗੜ੍ਹ ਦਾ 17 ਸੈਕਟਰ ਹੈ

3 : 17 ਸੈਕਟਰ ਦਾ ਪਲਾਜ਼ਾ ਹੈ

4 : ਪਲਾਜ਼ਾ ਜਿਥੇ ਤੁਸੀਂ ਨਾਟਕ ਵੇਖ ਰਹੇ ਹੋ

1 : ਇਹਦੀ 400 ਫੁੱਟ ਉਚਾਈ 'ਤੇ ਨਿਊਕਲਾਈ ਵਿਸਫੋਟ ਹੁੰਦਾ ਹੈ

2 : ਅੱਖ ਦੇ ਫੋਰ ਵਿਚ ਪੂਰੇ ਦਾ ਪੂਰਾ ਚੰਡੀਗੜ੍ਹ

3 : ਇਹਦਾ ਸੈਕਟੇਰੀਅਨ

4 : ਗਵਰਨਰ ਹਾਊਸ

1 : ਇਹਦੇ ਹੋਟਲ, ਇਹਦੇ ਕਲੱਬ

2 : ਯੂਨੀਵਰਸਿਟੀ

3 : ਛੋਟੇ ਵੱਡੇ ਸੈਕਟਰ

4 : ਲੇਬਰ ਕਲੋਨੀਆਂ

1 : ਇਹਦੇ ਅਮੀਰ ਲੋਕ, ਦਰਮਿਆਨੇ ਲੋਕ, ਗਰੀਬ ਲੋਕ

2 : ਇਥੇ ਰਹਿੰਦੇ 10 ਲੱਖ ਲੋਕ

3 : ਅੱਗ ਦੀ ਲਪੇਟ 'ਚ ਆਕੇ ਭਾਫ਼ ਬਣ ਜਾਣਗੇ

4 : ਸੁਖਨਾ ਝੀਲ ਦਾ ਸਾਰਾ ਪਾਣੀ ਭਾਫ਼ ਹੋ ਜਾਵੇਗਾ

1 : ਮੁਹਾਲੀ ਅਤੇ ਪੰਚਕੂਲਾ ਵੀ ਨਹੀਂ ਬਚਣਗੇ

2 : ਏਧਰ ਰੋਪੜ ਤੱਕ, ਉਧਰ ਅੰਬਾਲੇ ਤੱਕ ਰੇਡੀਆਈ ਕਿਰਨਾਂ ਆਪਣਾ ਅਸਰ ਕਰਨਗੀਆਂ

3 : ਵਾਲ ਝੜ ਜਾਣਗੇ

4 : ਮਸੂੜਿਆਂ 'ਚੋਂ ਲਹੂ ਨਿਕਲੇਗਾ

1 : ਗਰਭਵਤੀ ਔਰਤਾਂ ਦੇ ਬੱਚੇ ਗਰਭ ਵਿਚ ਅਪੰਗ ਹੋ ਜਾਣਗੇ

2 : ਤੁਸੀਂ ਪੁਛੋਗੇ ਇਹ ਬੰਬ ਚੰਡੀਗੜ੍ਹ ਹੀ ਕਿਉਂ ਡਿੱਗੇਗਾ ?

5 : ਇਹ ਲਾਹੌਰ ਵੀ ਡਿੱਗ ਸਕਦਾ ਹੈ

4 : ਹਾਂ ਇਹ ਲਾਹੌਰ ਵੀ ਡਿੱਗ ਸਕਦਾ ਏ

1 : ਜੇ ਹਿੰਦੁਸਤਾਨ-ਪਾਕਿਸਤਾਨ ਦੀ ਜੰਗ ਹੋਵੇ ਇਹ ਲਾਹੌਰ ਵੀ ਡਿਗ ਸਕਦਾ ਏ
2 : ਇਹ ਰਾਵਲਪਿੰਡੀ ਵੀ ਡਿੱਗ ਸਕਦਾ ਏ
3 : ਤੇ ਇਹ ਦਿੱਲੀ ਵੀ ਡਿੱਗ ਸਕਦਾ ਏ
4 : Missile Cassier ਇਹਨਾਂ ਨੂੰ ਦੂਰ ਦੂਰ ਤੱਕ ਢੋਅ ਸਕਦੇ ਹਨ।
1 : ਮੁਸ਼ਰਫ, ਵਾਜਪਾਈ, ਅਡਵਾਨੀ ਇਕ ਦੂਜੇ ਨੂੰ ਸਬਕ ਸਿਖਾਉਣ ਦੀ ਕਿਸੇ ਵੇਲੇ ਵੀ ਮੂਰਖਤਾ ਕਰ ਸਕਦੇ ਹਨ
2 : ਫੇਰ ਸਵਾਲ ਉਠਦਾ ਹੈ ਕਿ ਅਸੀਂ
3 : ਹਿੰਦੋਸਤਾਨ ਦੇ ਸਾਧਾਰਨ ਲੋਕ
4 : ਪਾਕਿਸਤਾਨ ਦੇ ਸਾਧਾਰਨ ਲੋਕ
1 : ਸਭ ਕੁਝ ਚੁੱਪ ਕਰਕੇ ਵੇਖਦੇ ਰਹੀਏ ?
2 : ਕੋਈ ਫਿਕਰ ਜ਼ਾਹਰ ਨਾ ਕਰੀਏ ?
3 : ਅਵਾਜ਼ ਉੱਚੀ ਨਾ ਕਰੀਏ ?
4 : ਇਹ ਗੱਲ ਸਿਆਸਤਦਾਨਾਂ 'ਤੇ ਹੀ ਛੱਡ ਦੇਈਏ ?
1 : ਨਹੀਂ
2 : ਕਿਉਂਕ ਜਦੋਂ ਇਹ ਵਿਸਫੋਟ ਹੋਵੇਗਾ
3 : ਅਸੀਂ ਮਰਾਂਗੇ
4 : ਸਾਡੇ ਬੱਚੇ ਅਪੰਗ ਪੈਦਾ ਹੋਣਗੇ
1 : ਪਰ ਇਹ ਬੰਬ ਡਿਗਣਗੇ ਕਿਉਂ ?
2 : ਕਿਉਂਕਿ ਦੋਨਾਂ ਮੁਲਕਾਂ ਦੇ ਸਿਆਸਤਦਾਨ 54 ਸਾਲਾਂ ਵਿਚ ਕਸ਼ਮੀਰ ਦਾ ਮਸਲਾ ਹੱਲ ਨਹੀਂ ਕਰ ਸਕੇ
3 : ਭਾਵੇਂ ਇਹ ਮਸਲਾ ਨਿੱਕੀ ਜਿਹੀ ਗੱਲ ਮਿੱਥ ਕੇ ਹੋ ਸਕਦਾ ਹੈ
4 : ਉਹ ਕੀ ?
1 : ਜੰਮੂ ਕਸ਼ਮੀਰ ਬੁਨਿਯਾਦੀ ਤੌਰ 'ਤੇ ਉਥੋਂ ਦੇ ਲੋਕਾਂ ਦਾ ਹੈ
2 : ਭਾਵੇਂ ਉਹ ਮੁਸਲਮਾਨ ਹੋਣ
3 : ਇਹ ਕਸ਼ਮੀਰੀ ਹਿੰਦੂਆਂ ਦਾ ਹੈ ਭਾਵੇਂ ਉਹ ਹਿੰਦੂ ਹੋਣ
4 : ਇਹ ਕਸ਼ਮੀਰੀ ਸਿੱਖਾਂ ਦਾ ਹੈ ਸਿੱਖ ਹੋਣ
1 : ਇਹ ਕਸ਼ਮੀਰੀ ਬੋਧੀਆਂ ਦਾ ਹੈ ਬੋਧੀ ਹੋਣ
2 : ਦੋਨੋਂ ਮੁਲਕ ਗਲਬਾਤ ਕਰਕੇ ਤਹਿ ਕਰਕੇ ਉਹਨਾਂ ਦੀ, ਇਹ ਜੰਮੂ ਕਸ਼ਮੀਰ ਉਨ੍ਹਾਂ ਦਾ ਹੈ, ਰਾਏ ਪੁੱਛ ਸਕਦੇ ਸਨ।
3 : ਨਿਰਪੱਖ ਕੌਮਾਂ ਦੀ ਵਿਚੋਲਗੀ ਹੋ ਸਕਦੀ ਏ
4 : ਕਿਉਂ ਜ਼ਿਦ ਕਰੀਏ ?

1 : ਜਦ ਜਾਣਦੇ ਹਾਂ ਕਿ ਇਸ ਜ਼ਿਦ ਦਾ ਨਤੀਜਾ ਤਬਾਹੀ ਹੀ ਤਬਾਹੀ ਹੈ।

2 : ਅਰਬਾਂ ਖਰਬਾਂ ਦਾ ਖਰਚ ਹੈ

3 : ਅਸੀਂ ਜੰਗ ਦੀ ਅਯਾਸ਼ੀ ਨਹੀਂ ਕਰ ਸਕਦੇ

4 : ਫੇਰ ਕੀ ਕਰੀਏ ?

1 : ਇਹਦਾ ਕੀ ਰਾਹ ਹੈ।

2 : ਇਹ ਰਾਹ ਵੀ ਜਾਪਾਨ ਦਾ ਹੈ। ਇਕ ਕੁੜੀ ਦੀ ਕਹਾਣੀ ਤੋਂ ਨਿਕਲਦਾ ਹੈ

3 : ਜਾਪਾਨ ਦੀ ਇਕ ਲੋਕ ਗਾਥਾ ਹੈ ਕਿ ਜਦੋਂ ਵੀ ਕੋਈ ਮੁਸੀਬਤ ਆਵੇ ਤਾਂ

4 : 1000 ਕਾਗਜ਼ ਦੀਆਂ ਕੂੰਜਾ ਬਣਾਕੇ ਹਵਾ 'ਚ ਉਡਾਈਆਂ ਜਾਂਦੀਆਂ ਹਨ।

1 : ਇਹ ਕੂੰਜਾ ਲੰਮੀ ਉਮਰ ਦੀਆਂ ਪ੍ਰਤੀਕ ਹਨ

2 : ਕੁੜੀ ਸਦਾਕੋ 12 ਸਾਲ ਦੀ ਉਮਰ ਤੱਕ ਇਕ ਸਿਹਤਮੰਦ ਕੁੜੀ ਸੀ।

3 : ਹੱਸਦੀ ਵੱਸਦੀ ਛੇਵੀਂ ਜਮਾਤ ਤੱਕ ਉਹ ਆਪਣੀ ਜਮਾਤ ਵਿਚ ਦੌੜ 'ਚ ਫਸਟ ਆਉਂਦੀ ਸੀ

4 : ਅਚਾਨਕ ਉਹਨੂੰ Blood Cancer ਦੀ ਸ਼ਿਕਾਇਤ ਹੋ ਗਈ

1 : ਇਹ ਬਲੱਡ ਕੈਂਸਰ ਹੀਰੋਸ਼ੀਮਾ 'ਤੇ ਡਿੱਗੇ ਬੰਬ ਦੀਆਂ ਰੇਡੀਆਈ ਕਿਰਨਾਂ ਦਾ ਹੀ ਨਤੀਜਾ ਸੀ

2 : ਕੈਂਸਰ ਦੇ ਪਤਾ ਲੱਗਣ ਤੋਂ ਬਾਅਦ ਉਹਨੇ ਲੰਮੀ ਜ਼ਿੰਦਗੀ ਦੀਆਂ ਕਾਗਜ਼ ਦੀਆਂ ਕੂੰਜਾ ਬਣਾਉਣੀਆਂ ਸ਼ੁਰੂ ਕੀਤੀਆਂ

3 : ਉਹ ਕਹਿੰਦੀ ਸੀ ਕਿ ਇਹਨਾਂ ਕੂੰਜਾ ਦੇ ਪਰਾਂ 'ਤੇ ਉਹ ਅਮਨ ਸ਼ਾਂਤੀ ਦਾ ਸੁਨੇਹਾ ਲਿਖੇਗੀ

4 : ਇਹ ਕੂੰਜਾ ਦੂਰ ਦੂਰ ਤੱਕ ਇਹ ਸੁਨਿਹਾ ਲਿਜਾਂਣਗੀਆਂ

1 : 25 ਅਕਤੂਬਰ 1955 ਹਾਲੀ ਉਹਨੇ 946 ਕੂੰਜਾ ਹੀ ਬਣਾਈਆਂ ਸਨ ਕਿ ਉਹਦਾ ਜੀਵਨ ਸਫ਼ਰ ਖਤਮ ਹੋ ਗਿਆ

2 : ਉਹਦੀਆਂ ਸਹੇਲੀਆਂ ਨੇ ਮਾਤਮ ਕਰਦਿਆਂ ਰਲਕੇ 54 ਕੂੰਜਾ ਬਣਾਕੇ 1000 ਕੂੰਜਾ ਉਹਦੇ ਬਦਨ 'ਤੇ ਫੁਲਾਂ ਵਾਂਗ ਰਖੀਆਂ

3 : 25 ਅਕਤੂਬਰ ਦਾ ਦਿਨ ਉਹਦੀ ਯਾਦ ਵਿਚ ਹਰ ਸਾਲ ਨਿਊਕਲਾਈ ਵਿਸਫੋਟਾਂ ਵਿਰੁੱਧੀ ਦਿਨ ਦੇ ਤੌਰ 'ਤੇ ਵਿਸ਼ਵ ਭਰ ਵਿਚ ਮਨਾਇਆ ਜਾਂਦਾ ਹੈ।

4 : ਮਹਾਨ ਚਿੱਤਰਕਾਰ ਨੇ ਅਮਨ ਦੀ ਘੁੱਗੀ ਦੁਨੀਆਂ ਨੂੰ ਦਿੱਤੀ ਸੀ

1 : ਸਦਾਕੋ ਨੇ ਇਹ ਸੰਦੇਸ਼ 'ਨਿਊਕਲਾਈ ਵਿਸਫੋਟ ਨਹੀਂ-ਨਹੀਂ' ਵਿਚ ਦਿੱਤਾ ਹੈ

2 : ਆਓ ਅਸੀਂ ਇਹ ਸੰਦੇਸ਼ ਘਰ ਘਰ ਲਿਜਾਈਏ

3 : ਇਹ ਸਾਡੇ ਨਾਟਕ ਦਾ ਸੰਦੇਸ਼ ਹੈ

4 : ਸਾਡਾ ਇਹ ਸੰਦੇਸ਼ ਵਾਜਪਾਈ-ਮੁਸ਼ਰਫ ਨੂੰ ਸੰਬੋਧਨ ਹੈ

1 : ਨਿਊਕਲਾਈ ਵਿਸਫੋਟ ਨਹੀਂ

2 : ਜੰਗ ਨਹੀਂ

3 : ਗੱਲਬਾਤ ਸਾਡਾ ਰਾਹ ਹੈ

4 : ਹਾਂ ਗੱਲਬਾਤ ਸਾਡਾ ਰਾਹ ਹੈ।

- -